Australian Government
Department of Home Affairs

# ਟੀਕਾਕਰਨ ਦੀਆਂ ਲੋੜਾਂ

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਯਾਤਰਾ ਬੁੱਕ ਕਰੋ, ਇਹ ਜਾਂਚ ਕਰੋ ਕਿ ਕੀ ਤੁਸੀਂ ਅੰਤਰਰਾਸ਼ਟਰੀ ਯਾਤਰਾ ਵਾਸਤੇ ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਦੇ ਹੋ।

ਇਹ ਆਸਟ੍ਰੇਲੀਆ ਵਿੱਚ ਦਾਖਲ ਹੋਣ ਲਈ ਤੁਹਾਡੀ ਯੋਗਤਾ ਉੱਤੇ ਅਸਰ ਪਾ ਸਕਦਾ ਹੈ, ਅਤੇ ਜੇਕਰ ਤੁਹਾਨੂੰ ਪਹੁੰਚਣ 'ਤੇ ਕੁਆਰੰਟੀਨ ਕਰਨ ਦੀ ਲੋੜ ਹੈ।

ਜੇ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਵਸਨੀਕ ਹੋ, ਤਾਂ ਇਹ ਆਸਟ੍ਰੇਲੀਆ ਨੂੰ ਛੱਡ ਕੇ ਜਾਣ ਦੀ ਤੁਹਾਡੀ ਯੋਗਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

# ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਨਾ

ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਨ ਲਈ ਅਤੇ ਆਸਟ੍ਰੇਲੀਆ ਦੇ ਸਰਹੱਦੀ ਇੰਤਜ਼ਾਮਾਂ ਦੇ ਮਕਸਦ ਵਾਸਤੇ 'ਪੂਰੀ ਤਰ੍ਹਾਂ ਟੀਕਾਕਰਨ ਕੀਤਾ' ਯਾਤਰੀ ਸਮਝੇ ਜਾਣ ਲਈ, ਤੁਹਾਨੂੰ ਇਸ ਗੱਲ ਦਾ ਸਬੂਤ ਪ੍ਰਦਾਨ ਕਰਵਾਉਣ ਦੀ ਲੋੜ ਹੈ ਕਿ ਤੁਸੀਂ ਜਾਂ ਤਾਂ:

- ਆਸਟ੍ਰੇਲੀਆ ਦੀ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ ਵਾਲੀ ਪਰਿਭਾਸ਼ਾ ਦੀ ਪੂਰਤੀ ਕਰਦੇ ਹੋ
- 12 ਸਾਲ ਤੋਂ ਘੱਟ ਉਮਰ ਦਾ ਬੱਚੇ ਹੋ
- 12 ਤੋਂ 17 ਸਾਲਾਂ ਦੀ ਉਮਰ ਦੇ ਬੱਚੇ ਹੋ ਜੋ ਘੱਟੋ ਘੱਟ ਇਕ ਬਾਲਗ ਦੇ ਨਾਲ ਯਾਤਰਾ ਕਰੇਗਾ ਜਿਸ ਨੂੰ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਹੈ; ਜਾ
- ਡਾਕਟਰੀ ਕਾਰਨਾਂ ਕਰਕੇ ਟੀਕਾਕਰਨ ਨਹੀਂ ਕਰਵਾਇਆ ਜਾ ਸਕਦਾ।.

ਜੇ ਤੁਸੀਂ ਉਪਰੋਕਤ ਸ਼੍ਰੇਣੀਆਂ ਵਿੱਚੋਂ ਕਿਸੇ ਨੂੰ ਵੀ ਪੂਰਾ ਕਰਦੇ ਹੋ, ਤਾਂ ਤੁਹਾਨੂੰ ਟੀਕੇ ਲਗਵਾ ਚੁੱਕੇ ਯਾਤਰੀਆਂ ਵਾਸਤੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਵਾਲੇ ਪੜਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜੇ ਤੁਸੀਂ ਉਪਰੋਕਤ ਸ਼੍ਰੇਣੀਆਂ ਵਿੱਚੋਂ ਕਿਸੇ ਨੂੰ ਵੀ ਪੂਰਾ ਨਹੀਂ ਕਰਦੇ, ਤਾਂ ਤੁਹਾਨੂੰ ਟੀਕਾਕਰਨ ਨਾ ਕੀਤੇ ਯਾਤਰੀਆਂ ਵਾਸਤੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਵਾਲੇ ਪੜਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

**ਜਿਹੜੇ ਵੀਜ਼ਾ ਧਾਰਕ ਆਸਟ੍ਰੇਲੀਆ ਪਹੁੰਚਦੇ ਹਨ, ਉਹਨਾਂ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਨਜ਼ਰਬੰਦ ਕਰਕੇ ਵਾਪਸ ਭੇਜਿਆ ਜਾ ਸਕਦਾ ਹੈ ਜੇਕਰ ਉਹਨਾਂ ਨੇ:**

- **ਆਸਟ੍ਰੇਲੀਆ ਦੀਆਂ ਸਰਹੱਦੀ ਦਾਖਲੇ ਦੀਆਂ ਲੋੜਾਂ ਅਨੁਸਾਰ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕੇ ਨਹੀਂ ਲਗਵਾਏ ਹਨ; ਜਾਂ**
- **ਆਸਟ੍ਰੇਲੀਆ ਦੀ ਸਰਕਾਰ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ COVID-19 ਦੇ ਟੀਕੇ ਵਾਸਤੇ ਕੋਈ ਡਾਕਟਰੀ ਮਨਾਹੀ ਨਹੀਂ ਹੈ; ਜਾਂ**
- **ਕਿਸੇ ਛੋਟ ਵਾਲੀ ਸ਼੍ਰੇਣੀ ਵਿੱਚ ਨਹੀਂ ਹਨ ਜਾਂ ਉਹਨਾਂ ਕੋਲ ਕੋਈ ਵਿਅਕਤੀਗਤ ਯਾਤਰਾ ਛੋਟ ਹੈ।**

# ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ

ਜੇ ਤੁਸੀਂ ਕਿਸੇ ਚਿਕਿਤਸਕ ਵਸਤੂਆਂ ਦੇ ਪ੍ਰਸ਼ਾਸਨ (TGA) ਵੱਲੋਂ ਮਨਜ਼ੂਰ ਸ਼ੁਦਾ ਜਾਂ ਮਾਨਤਾ ਪ੍ਰਾਪਤ ਮੁੱਢਲੇ ਵੈਕਸੀਨ ਦਾ ਕੋਰਸ ਪੂਰਾ ਕਰ ਲਿਆ ਹੈ, ਆਸਟ੍ਰੇਲੀਆ ਵਿੱਚ ਦਾਖਲ ਹੋਣ ਅਤੇ ਇੱਥੋਂ ਜਾਣ ਦੇ ਮਕਸਦ ਵਾਸਤੇ ਤੁਹਾਨੂੰ ਪੂਰੀ ਤਰ੍ਹਾਂ ਟੀਕੇ ਲੱਗਿਆ ਮੰਨਿਆ ਜਾਂਦਾ ਹੈ। ਇਸ ਵਿੱਚ ਮਿਸ਼ਰਤ ਖੁਰਾਕਾਂ ਸ਼ਾਮਲ ਹਨ।

ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਸਵੀਕਾਰ ਕੀਤੀਆਂ ਵਰਤਮਾਨ ਮਨਜ਼ੂਰਸ਼ੁਦਾ ਜਾਂ ਮਾਨਤਾ ਪ੍ਰਾਪਤ ਟੀਕੇ ਅਤੇ ਖੁਰਾਕਾਂ ਇਹ ਹਨ:

- ਘੱਟੋ ਘੱਟ 14 ਦਿਨਾਂ ਦੇ ਫਰਕ ਨਾਲ ਇਹਨਾਂ ਦੀਆਂ ਦੋ ਖੁਰਾਕਾਂ:
    - ਐਸਟਰਾਜ਼ੈਨੇਕਾ ਵੈਕਸਜ਼ੇਵਰੀਆ
    - ਐਸਟਰਾਜ਼ੈਨੇਕਾ ਕੋਵੀਸ਼ੀਲਡ
    - ਫਾਈਜ਼ਰ/ਬਿਓਨਟੈੱਕ ਕੋਮੀਰਨਾਟੀ
    - ਮੋਡੇਨਾ ਸਪਾਈਕਵੈਕਸ ਜਾਂ ਟਾਕੇਡਾ
    - ਸਿਨੋਵਾਕ ਕਰੋਨਾਵੈਕ
    - ਭਾਰਤ ਬਾਇਓਟੈਕ ਕੋਵੈਕਸਿਨ

    - ਸਿਨੋਫਰਮ BBIBP-CorV ਉਹਨਾਂ ਲੋਕਾਂ ਵਾਸਤੇ ਜੋ 60 ਸਾਲਾਂ ਤੋਂ ਘੱਟ ਉਮਰ ਦੇ ਹਨ ਜਦੋਂ ਉਹ ਆਸਟ੍ਰੇਲੀਆ ਵਿੱਚ ਦਾਖਲ ਹੁੰਦੇ ਹਨ
    - ਗਮਾਲੇਆ ਰਿਸਰਚ ਇੰਸਟੀਚਿਊਟ ਸਪਟਨਿਕ ਵੀ
    - ਨੋਵਾਵੈਕਸ/ਬਾਇਓਸਲੇਕਟ ਨੁਵਾਕਸੋਵਿਡ

    ਜਾਂ

- ਇਸ ਦੀ ਇਕ ਖੁਰਾਕ:
    - ਜੌਹਨਸਨ ਐਂਡ ਜੌਹਨਸਨ/ ਜੈਨਸਨ-ਸਿਲਾਗ COVID ਵੈਕਸੀਨ

**ਅਤੇ** ਟੀਕਾਕਰਨ ਦੇ ਕੋਰਸ ਵਿੱਚ ਵੈਕਸੀਨ ਦੀ ਅੰਤਿਮ ਖੁਰਾਕ ਤੋਂ ਲੈ ਕੇ ਘੱਟੋ ਘੱਟ 7 ਦਿਨ ਬੀਤ ਗਏ ਹੋਣੇ ਚਾਹੀਦੇ ਹਨ।

ਮਿਸ਼ਰਤ ਖੁਰਾਕਾਂ ਅੰਤਰਰਾਸ਼ਟਰੀ ਯਾਤਰਾ ਵਾਸਤੇ ਪੂਰੀ ਤਰ੍ਹਾਂ ਟੀਕੇ ਲੱਗੇ ਜਾਣ ਵਜੋਂ ਗਿਣੀਆਂ ਜਾਂਦੀਆਂ ਹਨ ਜਦੋਂ ਤੱਕ ਲਗਾਏ ਗਏ ਸਾਰੇ ਟੀਕੇ TGA ਦੁਆਰਾ ਮਨਜ਼ੂਰ ਕੀਤੇ ਜਾਂ ਮਾਨਤਾ ਪ੍ਰਾਪਤ ਹੁੰਦੇ ਹਨ। TGA ਹੋਰ COVID-19 ਟੀਕਿਆਂ ਦਾ ਮੁਲਾਂਕਣ ਕਰ ਰਿਹਾ ਹੈ ਜਿੰਨ੍ਹਾਂ ਨੂੰ ਭਵਿੱਖ ਵਿੱਚ ਆਸਟ੍ਰੇਲੀਆ ਦੀ ਅੰਦਰ ਆਉਣ ਵਾਲੀ ਯਾਤਰਾ ਲਈ ਮਾਨਤਾ ਦਿੱਤੀ ਜਾ ਸਕਦੀ ਹੈ।

ਆਸਟ੍ਰੇਲੀਆ ਵਿੱਚ ਹਰ ਕੋਈ COVID-19 ਟੀਕਾ ਮੁਫਤ ਲਗਵਾ ਸਕਦਾ ਹੈ, ਜਿਸ ਵਿੱਚ ਆਸਟ੍ਰੇਲੀਆ ਦੇ ਵੀਜ਼ਾ ਧਾਰਕ, ਗੈਰ-ਨਾਗਰਿਕ ਜਿੰਨ੍ਹਾਂ ਕੋਲ ਵੈਧ ਵੀਜ਼ਾ ਨਹੀਂ ਹੈ ਅਤੇ ਇਮੀਗ੍ਰੇਸ਼ਨ ਦੀਆਂ ਨਜ਼ਰਬੰਦੀ ਵਾਲੀਆਂ ਸਹੂਲਤਾਂ ਵਿੱਚ ਰਹਿਣ ਵਾਲੇ ਲੋਕ ਸ਼ਾਮਲ ਹਨ।

## ਸਬੂਤ ਪ੍ਰਦਾਨ ਕਰਨਾ ਕਿ ਤੁਹਾਡਾ ਟੀਕਾਕਰਨ ਹੋਇਆ ਹੈ

ਤੁਹਾਨੂੰ ਏਅਰਲਾਈਨ ਦੇ ਅਮਲੇ ਨੂੰ ਇਸ ਗੱਲ ਦਾ ਸਬੂਤ ਵਿਖਾਉਣ ਦੀ ਲੋੜ ਪਵੇਗੀ ਕਿ ਤੁਸੀਂ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਆਸਟ੍ਰੇਲੀਆ ਦੀਆਂ ਟੀਕਾਕਰਨ ਲੋੜਾਂ ਦੀ ਪੂਰਤੀ ਕਰਦੇ ਹੋ।

ਜਦੋਂ ਤੁਸੀਂ ਡਿਜ਼ਿਟਲ ਯਾਤਰੀ ਘੋਸ਼ਣਾ ਨੂੰ ਪੂਰਾ ਕਰਦੇ ਹੋ ਤਾਂ ਇਸ ਨੂੰ ਅੱਪਲੋਡ ਕਰਨ ਦੁਆਰਾ ਤੁਹਾਨੂੰ ਇਹ ਸਬੂਤ ਆਸਟ੍ਰੇਲੀਆ ਵਿੱਚ ਦਾਖਲ ਹੋਣ ਤੋਂ ਪਹਿਲਾਂ ਪ੍ਰਦਾਨ ਕਰਵਾਉਣ ਲਈ ਵੀ ਕਿਹਾ ਜਾਵੇਗਾ।

ਜੇ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਵਸਨੀਕ ਹੋ, ਤਾਂ ਤੁਹਾਡੇ ਵੱਲੋਂ ਆਸਟ੍ਰੇਲੀਆ ਛੱਡ ਕੇ ਜਾਣ ਤੋਂ ਪਹਿਲਾਂ ਤੁਹਾਨੂੰ ਏਅਰਲਾਈਨ ਦੇ ਅਮਲੇ ਨੂੰ ਆਪਣਾ ਸਬੂਤ ਵਿਖਾਉਣ ਦੀ ਵੀ ਲੋੜ ਪਵੇਗੀ।

ਜੇ ਤੁਹਾਨੂੰ ਆਸਟ੍ਰੇਲੀਆ ਵਿੱਚ ਟੀਕੇ ਲਗਾਏ ਗਏ ਸਨ, ਤਾਂ ਤੁਹਾਨੂੰ ਏਅਰਲਾਈਨ ਕਰਮਚਾਰੀਆਂ ਨੂੰ ਆਪਣਾ ਅੰਤਰਰਾਸ਼ਟਰੀ COVID-19 ਟੀਕਾਕਰਨ ਸਰਟੀਫਿਕੇਟ (ICVC) ਦਿਖਾਉਣ ਦੀ ਲੋੜ ਪਵੇਗੀ। ਤੁਸੀਂ ਐਕਸਪ੍ਰੈੱਸ ਪਲੱਸ ਮੈਡੀਕੇਅਰ ਐਪ ਜਾਂ myGov ਰਾਹੀਂ ਆਪਣੇ ਮੈਡੀਕੇਅਰ ਔਨਲਾਈਨ ਖਾਤੇ ਦੀ ਵਰਤੋਂ ਕਰਕੇ ਆਪਣੇ ICVC ਨੂੰ

ਡਾਊਨਲੋਡ ਕਰ ਸਕਦੇ ਹੋ। ICVC ਤੁਹਾਡੇ ਫ਼ੋਨ 'ਤੇ ਇਲੈਕਟ੍ਰੌਨਿਕ ਤਰੀਕੇ ਨਾਲ ਪ੍ਰਿੰਟ ਕਰਨ ਜਾਂ ਰੱਖਣ ਲਈ PDF ਰੂਪ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ। ਜਦੋਂ ਤੁਸੀਂ ਆਪਣੀਆਂ ਉਡਾਣਾਂ ਵਿੱਚ ਚੈੱਕ-ਇਨ ਕਰੋਗੇ ਤਾਂ ਏਅਰਲਾਈਨਾਂ ਇਸ ਬਾਰੇ ਪੁੱਛਣਗੀਆਂ।

ਜੇ ਤੁਹਾਨੂੰ ਵਿਦੇਸ਼ਾਂ ਵਿੱਚ ਟੀਕੇ ਲਗਾਏ ਗਏ ਸਨ ਅਤੇ ਤੁਹਾਡੇ ਕੋਲ ICVC ਨਹੀਂ ਹੈ, ਤਾਂ ਤੁਹਾਨੂੰ ਏਅਰਲਾਈਨ ਦੇ ਅਮਲੇ ਨੂੰ ਆਪਣਾ ਵਿਦੇਸ਼ੀ ਟੀਕਾਕਰਨ ਸਰਟੀਫਿਕੇਟ ਪੇਸ਼ ਕਰਨ ਦੀ ਲੋੜ ਪਵੇਗੀ।

ਜੇ ਤੁਹਾਨੂੰ ਵਿਦੇਸ਼ਾਂ ਵਿੱਚ ਟੀਕਾਕਰਨ ਲਗਾਇਆ ਗਿਆ ਸੀ ਅਤੇ ਤੁਸੀਂ ICVC ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਵਿਦੇਸ਼ੀ ਟੀਕਿਆਂ ਨੂੰ ਆਸਟ੍ਰੇਲੀਆ ਦੇ ਇਮੂਨਾਈਜੇਸ਼ਨ ਰਜਿਸਟਰ (AIR) ਵਿੱਚ ਸ਼ਾਮਲ ਕਰ ਸਕਦੇ ਹੋ। ਤੁਹਾਡੇ ਵੱਲੋਂ ਅਜਿਹਾ ਕਰਨ ਦੇ ਬਾਅਦ, ਤੁਸੀਂ ICVC ਵਾਸਤੇ ਅਰਜ਼ੀ ਦੇ ਸਕਦੇ ਹੋ।

**ਨੋਟ ਕਰੋ** ਕਿ ਜੇ ਤੁਹਾਡੇ ਕੋਲ ਟੀਕਾਕਰਨ ਸਰਟੀਫਿਕੇਟ ਹੈ, ਤਾਂ ਇਸ ਦਾ ਆਪਣੇ ਆਪ ਇਹ ਮਤਲਬ **ਨਹੀਂ ਹੈ** ਕਿ ਤੁਸੀਂ ਆਸਟ੍ਰੇਲੀਆ ਦੇ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ ਕੀਤੇ ਯਾਤਰੀ ਹੋ। ਉਦਾਹਰਣ ਲਈ, ਤੁਹਾਡਾ ਟੀਕਾਕਰਨ ਸਰਟੀਫਿਕੇਟ ਇਹ ਵਿਖਾ ਸਕਦਾ ਹੈ ਕਿ ਤੁਹਾਨੂੰ ਦੋ-ਖੁਰਾਕਾਂ ਵਾਲੇ ਟੀਕੇ (ਵੈਕਸੀਨ) ਦੀ ਕੇਵਲ ਇਕ ਖੁਰਾਕ ਲੱਗੀ ਹੈ। ਤੁਹਾਡੇ ਟੀਕਾਕਰਨ ਸਰਟੀਫਿਕੇਟ ਨੂੰ ਲਾਜ਼ਮੀ ਤੌਰ 'ਤੇ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਤੁਸੀਂ ਅੰਤਰਰਾਸ਼ਟਰੀ ਯਾਤਰਾ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ ਦੀ ਆਸਟ੍ਰੇਲੀਆ ਦੀ ਪਰਿਭਾਸ਼ਾ ਨੂੰ ਪੂਰਾ ਕਰਦੇ ਹੋ।

ਆਪਣੀ ਟੀਕਾਕਰਨ ਦੀ ਸਥਿਤੀ ਨੂੰ ਜਾਣਨਾ ਅਤੇ ਇਹ ਜਾਂਚ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡਾ ਵੈਕਸੀਨ ਸਰਟੀਫਿਕੇਟ ਆਸਟ੍ਰੇਲੀਆ ਆਉਣ ਅਤੇ ਜਾਣ ਦੀ ਤੁਹਾਡੀ ਯੋਗਤਾ ਦਾ ਸਮਰਥਨ ਕਰਦਾ ਹੈ।

## ਜੇ ਤੁਹਾਡੇ ਟੀਕਾਕਰਨ ਸਰਟੀਫਿਕੇਟ 'ਤੇ ਲਿਖਿਆ ਨਾਮ ਤੁਹਾਡੇ ਪਾਸਪੋਰਟ ਨਾਲ ਮੇਲ ਨਹੀਂ ਖਾਂਦਾ

ਜੇ ਤੁਸੀਂ ਆਸਟ੍ਰੇਲੀਆ ਦੇ ਪਾਸਪੋਰਟ ਧਾਰਕ ਹੋ ਅਤੇ ਤੁਸੀਂ ਆਪਣਾ ਨਾਮ ਬਦਲ ਲਿਆ ਹੈ, ਤਾਂ ਤੁਸੀਂ ਆਸਟ੍ਰੇਲੀਅਨ ਪਾਸਪੋਰਟ ਦਫ਼ਤਰ ਨਾਲ ਸੰਪਰਕ ਕਰਕੇ ਨਵਾਂ ਪਾਸਪੋਰਟ ਕਿਵੇਂ ਪ੍ਰਾਪਤ ਕਰਨਾ ਹੈ ਇਸ ਬਾਰੇ ਜਾਣਕਾਰੀ ਲੱਭ ਸਕਦੇ ਹੋ।

ਜੇ ਤੁਹਾਨੂੰ ਆਸਟ੍ਰੇਲੀਆ ਵਿੱਚ ਟੀਕੇ ਲਗਾਏ ਗਏ ਸਨ ਪਰ ਤੁਹਾਨੂੰ ICVC ਨਹੀਂ ਮਿਲ ਸਕਦੀ ਕਿਉਂਕਿ ਤੁਹਾਡੇ ਟੀਕਾਕਰਨ ਸਰਟੀਫਿਕੇਟ 'ਤੇ ਨਾਮ ਦੇ ਵੇਰਵੇ ਤੁਹਾਡੇ ਪਾਸਪੋਰਟ ਨਾਲ ਮੇਲ ਨਹੀਂ ਖਾਂਦੇ, ਤਾਂ ਤੁਹਾਨੂੰ ਆਸਟ੍ਰੇਲੀਆ ਦੇ ਟੀਕਾਕਰਨ ਰਜਿਸਟਰ ਨਾਲ ਸੰਪਰਕ ਕਰਨ ਦੀ ਲੋੜ ਪਵੇਗੀ।

ਜੇ ਤੁਸੀਂ ਕਿਸੇ ਵਿਦੇਸ਼ੀ ਟੀਕਾਕਰਨ ਸਰਟੀਫਿਕੇਟ ਨਾਲ ਯਾਤਰਾ ਕਰ ਰਹੇ ਹੋ ਜੋ ਤੁਹਾਡੇ ਪਾਸਪੋਰਟ ਵਿੱਚ ਨਾਮ ਨਾਲ ਮੇਲ ਨਹੀਂ ਖਾਂਦਾ, ਤਾਂ ਤੁਹਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕੋਲ ਤੁਹਾਡੇ ਨਾਮ ਦੇ ਹੋਰ ਸਬੂਤ ਹੋਣ, ਜਿਵੇਂ ਕਿ ਵਿਆਹ ਦਾ ਸਰਟੀਫਿਕੇਟ ਜਾਂ ਡਰਾਈਵਰ ਲਾਇਸੰਸ।

# ਬੱਚਿਆਂ ਲਈ ਪ੍ਰਬੰਧ

ਹੇਠਾਂ ਦਿੱਤੇ ਸਮੂਹਾਂ ਵਿਚਲੇ ਬੱਚੇ ਉਹਨਾਂ ਹੀ ਪ੍ਰਬੰਧਾਂ ਦੇ ਅਧੀਨ ਯਾਤਰਾ ਕਰ ਸਕਦੇ ਹਨ ਜਿੰਨ੍ਹਾਂ ਵਿੱਚ ਟੀਕੇ ਲਗਵਾਏ ਗਏ ਯਾਤਰੀ ਕਰਦੇ ਹਨ:

- 12 ਸਾਲ ਤੋਂ ਘੱਟ ਉਮਰ ਦੇ; ਜਾਂ
- 12 ਤੋਂ 17 ਸਾਲਾਂ ਦੀ ਉਮਰ ਦੇ ਹਨ ਅਤੇ ਘੱਟੋ ਘੱਟ ਇਕ ਬਾਲਗ ਦੇ ਨਾਲ ਯਾਤਰਾ ਕਰ ਰਹੇ ਹਨ ਜਿਸ ਦਾ ਪੂਰੀ ਤਰ੍ਹਾਂ ਟੀਕਾਕਰਨ ਹੋਇਆ ਹੈ

ਪਾਸਪੋਰਟ ਦੀ ਵਰਤੋਂ ਬੱਚਿਆਂ ਦੀ ਉਮਰ ਦੇ ਸਬੂਤ ਵਜੋਂ ਵੀ ਕੀਤੀ ਜਾਵੇਗੀ।

ਜੇ ਤੁਸੀਂ ਪਰਿਵਾਰਕ ਸਮੂਹ ਹੋ ਜੋ ਬਿਨਾਂ ਟੀਕੇ ਵਾਲੇ ਜਾਂ ਅੰਸ਼ਕ ਤੌਰ 'ਤੇ ਟੀਕੇ ਲਗਵਾਏ ਗਏ ਬੱਚਿਆਂ ਨਾਲ ਯਾਤਰਾ ਕਰ ਰਿਹਾ ਹੈ, ਤਾਂ ਤੁਹਾਨੂੰ ਉਨ੍ਹਾਂ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਲਈ ਕਿਸੇ ਵੀ ਕੁਆਰੰਟੀਨ ਜਾਂ ਸਵੈ-ਇਕਾਂਤਵਾਸ ਜ਼ਰੂਰਤਾਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ ਜਿਨ੍ਹਾਂ ਰਾਹੀਂ ਤੁਸੀਂ ਲੰਘਣ ਅਤੇ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਦਾਖਲੇ ਦੀਆਂ ਲੋੜਾਂ ਦੇਖੋ।

# ਜੇ ਤੁਹਾਡਾ ਡਾਕਟਰੀ ਕਾਰਨਾਂ ਕਰਕੇ ਟੀਕਾਕਰਨ ਨਹੀਂ ਕੀਤਾ ਜਾ ਸਕਦਾ

ਜੇ ਤੁਹਾਡਾ ਡਾਕਟਰੀ ਕਾਰਨਾਂ ਕਰਕੇ ਟੀਕਾਕਰਨ ਨਹੀਂ ਕੀਤਾ ਜਾ ਸਕਦਾ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਡਾਕਟਰੀ ਮਨਾਹੀ ਦੇ ਸਵੀਕਾਰ ਕਰਨਯੋਗ ਸਬੂਤ ਪ੍ਰਦਾਨ ਕਰਵਾਉਣੇ ਚਾਹੀਦੇ ਹਨ।

ਜੇ ਤੁਸੀਂ ਸਵੀਕਾਰ ਕਰਨਯੋਗ ਸਬੂਤ ਪ੍ਰਦਾਨ ਕਰਵਾਉਂਦੇ ਹੋ, ਤਾਂ ਤੁਸੀਂ ਉਹਨਾਂ ਹੀ ਯਾਤਰਾ ਇੰਤਜ਼ਾਮਾਂ ਦੇ ਅਧੀਨ ਯਾਤਰਾ ਕਰਨ ਦੇ ਯੋਗ ਹੋਵੋਗੇ ਜਿੰਨ੍ਹਾਂ ਵਿੱਚ ਵੈਕਸੀਨ ਲਗਵਾਉਣ ਵਾਲੇ ਯਾਤਰੀ ਯਾਤਰਾ ਕਰਦੇ ਹਨ। ਇਸ ਤੋਂ ਪਹਿਲਾਂ ਕਿ ਤੁਸੀਂ ਯਾਤਰਾ ਕਰੋ, ਤੁਹਾਨੂੰ ਏਅਰਲਾਈਨ ਦੇ ਅਮਲੇ ਨੂੰ ਆਪਣਾ ਸਬੂਤ ਵਿਖਾਉਣ ਦੀ ਲੋੜ ਪਵੇਗੀ।

ਤੁਹਾਨੂੰ ਲੋੜਾਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ, ਖਾਸ ਕਰਕੇ ਉਹਨਾਂ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਕੁਆਰੰਟੀਨ ਦੀਆਂ ਲੋੜਾਂ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਯਾਤਰਾ ਕਰੋਗੇ। ਦੇਖੋ: ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਵਿੱਚ ਪਹੁੰਚਣ ਦੀਆਂ ਲੋੜਾਂ।

**ਇਸ ਗੱਲ ਦਾ ਸਬੂਤ ਕਿ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕੇ ਨਹੀਂ ਲਗਾਏ ਜਾ ਸਕਦੇ, ਯਾਤਰਾ ਵਾਲੀ ਛੋਟ ਨਾਲੋਂ ਵੱਖਰਾ ਹੁੰਦਾ ਹੈ।**

## ਇਸ ਗੱਲ ਦਾ ਸਬੂਤ ਕਿ ਆਸਟ੍ਰੇਲੀਆ ਤੋਂ ਜਾਂਦੇ ਸਮੇਂ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕੇ ਨਹੀਂ ਲਗਾਏ ਜਾ ਸਕਦੇ

ਜੇ ਤੁਸੀਂ ਆਸਟ੍ਰੇਲੀਆ ਤੋਂ ਰਵਾਨਾ ਹੋਣ ਵਾਲੇ ਆਸਟ੍ਰੇਲੀਆ ਦੇ ਨਾਗਰਿਕ ਜਾਂ ਸਥਾਈ ਵਸਨੀਕ ਹੋ ਤਾਂ ਤੁਹਾਨੂੰ ਇਸ ਗੱਲ ਦੇ ਸਬੂਤ ਵਿਖਾਉਣ ਦੀ ਲੋੜ ਹੈ ਕਿ ਆਸਟ੍ਰੇਲੀਆ ਵਿੱਚ ਉਪਲਬਧ ਸਾਰੇ COVID-19 ਟੀਕਿਆਂ ਵਾਸਤੇ ਤੁਹਾਡੇ ਕੋਲ ਆਸਟ੍ਰੇਲੀਆ ਦੇ ਟੀਕਾਕਰਨ ਰਜਿਸਟਰ (AIR) ਨੂੰ ਰਿਪੋਰਟ ਕੀਤੀ ਗਈ ਡਾਕਟਰੀ ਛੋਟ ਹੈ। ਤੁਹਾਨੂੰ ਸਬੂਤ ਵਜੋਂ ਆਪਣਾ ਆਸਟ੍ਰੇਲੀਆ ਦਾ COVID-19 ਡਿਜ਼ਿਟਲ ਸਰਟੀਫਿਕੇਟ ਜਾਂ ਆਪਣੇ ਟੀਕਾਕਰਨ ਦੇ ਇਤਿਹਾਸ ਦਾ ਬਿਓਰਾ ਪ੍ਰਦਾਨ ਕਰਵਾਉਣਾ ਚਾਹੀਦਾ ਹੈ।

ਜੇ AIR ਉੱਤੇ ਅਸਥਾਈ ਡਾਕਟਰੀ ਛੋਟ ਰਿਕਾਰਡ ਕੀਤੀ ਗਈ ਹੈ, ਤਾਂ COVID-19 ਡਿਜ਼ਿਟਲ ਸਰਟੀਫਿਕੇਟ 'ਇਸ ਤੱਕ ਵੈਧ' ਤਰੀਕ ਨੂੰ ਪ੍ਰਦਰਸ਼ਿਤ ਕਰੇਗਾ। ਇਸ ਸਮੇਂ ਤੋਂ ਬਾਅਦ, ਤੁਹਾਨੂੰ ਇਹਨਾਂ ਵਿੱਚੋਂ ਇਕ ਕਰਨ ਦੀ ਲੋੜ ਪਵੇਗੀ:

- ਇਹ ਵੇਖਣ ਲਈ ਆਪਣੇ ਡਾਕਟਰ ਕੋਲੋਂ ਜਾਂਚ ਕਰੋ ਕਿ ਕੀ ਤੁਸੀਂ ਹੁਣ COVID-19 ਦਾ ਟੀਕਾ (ਵੈਕਸੀਨ) ਪ੍ਰਾਪਤ ਕਰ ਸਕਦੇ ਹੋ; ਜਾਂ
- ਜੇ ਤੁਹਾਡੀ ਡਾਕਟਰੀ ਛੋਟ ਅਜੇ ਵੀ ਵੈਧ ਹੈ ਤਾਂ ਆਪਣੇ ਡਾਕਟਰ ਨੂੰ AIR ਉੱਤੇ ਆਪਣੀ ਸਥਿਤੀ ਨੂੰ ਅੱਪਡੇਟ ਕਰਨ ਲਈ ਕਹੋ।

ਸਰਵਿਸਜ਼ ਆਸਟ੍ਰੇਲੀਆ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ ਕੇਵਲ ਯੋਗ ਸਿਹਤ ਪੇਸ਼ੇਵਰ ਹੀ AIR ਨੂੰ ਡਾਕਟਰੀ ਛੋਟਾਂ ਦੀ ਰਿਪੋਰਟ ਕਰ ਸਕਦੇ ਹਨ। ਜੇ ਤੁਸੀਂ ਇਹ ਨਹੀਂ ਵਿਖਾ ਸਕਦੇ ਕਿ ਤੁਹਾਡੀ ਡਾਕਟਰੀ ਛੋਟ ਦੀ ਰਿਪੋਰਟ AIR ਨੂੰ ਕੀਤੀ ਗਈ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਜਾਣ ਲਈ ਛੋਟ ਵਾਸਤੇ ਅਰਜ਼ੀ ਦੇਣ ਦੀ ਲੋੜ ਪਵੇਗੀ।

**ਜੇ ਤੁਸੀਂ ਸਵੀਕਾਰ ਕਰਨਯੋਗ ਸਬੂਤ ਪ੍ਰਦਾਨ ਨਹੀਂ ਕਰ ਸਕਦੇ** ਕਿ ਤੁਹਾਡੀ ਡਾਕਟਰੀ ਛੋਟ ਦੀ ਰਿਪੋਰਟ AIR ਵਿੱਚ ਸੂਚੀਬੱਧ ਕੀਤੀ ਗਈ ਹੈ, **ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਜਾਣ ਲਈ ਯਾਤਰਾ ਛੋਟ ਵਾਸਤੇ ਅਰਜ਼ੀ ਦੇਣ ਦੀ ਲੋੜ ਹੈ।**

## ਆਸਟ੍ਰੇਲੀਆ ਵਿੱਚ ਦਾਖਲ ਹੁੰਦੇ ਸਮੇਂ ਇਸ ਗੱਲ ਦਾ ਸਬੂਤ ਕਿ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕੇ ਨਹੀਂ ਲਗਾਏ ਜਾ ਸਕਦੇ

ਪੂਰੀ ਤਰ੍ਹਾਂ ਟੀਕੇ ਲਗਵਾ ਚੁੱਕੇ ਯਾਤਰੀਆਂ ਦੇ ਵਾਂਗ ਯਾਤਰਾ ਪ੍ਰਬੰਧਾਂ ਤੱਕ ਪਹੁੰਚ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇਸ ਗੱਲ ਦਾ ਸਵੀਕਾਰ ਕਰਨਯੋਗ ਸਬੂਤ ਪ੍ਰਦਾਨ ਕਰਨਾ ਚਾਹੀਦਾ ਹੈ ਕਿ ਤੁਹਾਨੂੰ ਡਾਕਟਰੀ ਕਾਰਨਾਂ ਕਰਕੇ ਟੀਕਾ ਨਹੀਂ ਲਗਾਇਆ ਜਾ ਸਕਦਾ।

ਜੇ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਹੋ ਰਹੇ ਹੋ ਅਤੇ ਆਸਟ੍ਰੇਲੀਆ ਦੇ ਟੀਕਾਕਰਨ ਰਜਿਸਟਰ (AIR) ਵਿੱਚ ਕੋਈ ਡਾਕਟਰੀ ਛੋਟ ਰਿਕਾਰਡ ਕੀਤੀ ਹੈ ਤਾਂ ਤੁਸੀਂ ਏਅਰਲਾਈਨ ਦੇ ਕਰਮਚਾਰੀਆਂ ਨੂੰ ਆਸਟ੍ਰੇਲੀਆ ਦਾ COVID-19 ਡਿਜ਼ਿਟਲ ਸਰਟੀਫਿਕੇਟ ਵਿਖਾ ਸਕਦੇ ਹੋ। ਨਹੀਂ ਤਾਂ ਤੁਸੀਂ ਆਪਣਾ ਟੀਕਾਕਰਨ ਇਤਿਹਾਸ ਬਿਓਰਾ ਪ੍ਰਦਾਨ ਕਰ ਸਕਦੇ ਹੋ।

ਜੇ ਤੁਹਾਡੇ ਕੋਲ AIR ਵਿੱਚ ਆਪਣਾ ਡਾਕਟਰੀ ਛੋਟ ਦਾ ਰਿਕਾਰਡ ਨਹੀਂ ਹੈ ਤਾਂ ਤੁਹਾਨੂੰ ਡਾਕਟਰੀ ਸਰਟੀਫਿਕੇਟ ਏਅਰਲਾਈਨ ਦੇ ਕਰਮਚਾਰੀਆਂ ਨੂੰ ਵਿਖਾਉਣ ਦੀ ਲੋੜ ਪਵੇਗੀ ਜੋ ਇਹ ਦਰਸਾਉਂਦਾ ਹੈ ਕਿ ਕਿਸੇ ਡਾਕਟਰੀ ਅਵਸਥਾ ਕਰਕੇ ਤੁਸੀਂ COVID-19 ਵੈਕਸੀਨ ਦੇ ਟੀਕੇ ਲਗਾਉਣ ਦੇ ਅਯੋਗ ਹੋ। ਡਾਕਟਰੀ ਸਰਟੀਫਿਕੇਟ ਦਾ ਅੰਗਰੇਜ਼ੀ ਵਿੱਚ ਹੋਣਾ ਲਾਜ਼ਮੀ ਹੈ, ਇਸ ਵਿੱਚ ਹੇਠ ਦਿੱਤੀ ਜਾਣਕਾਰੀ ਸ਼ਾਮਲ ਹੈ:

- ਤੁਹਾਡਾ ਨਾਮ (ਇਹ ਲਾਜ਼ਮੀ ਤੌਰ 'ਤੇ ਤੁਹਾਡੇ ਯਾਤਰਾ ਪਛਾਣ ਦੇ ਦਸਤਾਵੇਜ਼ਾਂ ਨਾਲ ਮੇਲ ਖਾਂਦਾ ਹੈ)
- ਡਾਕਟਰੀ ਸਲਾਹ-ਮਸ਼ਵਰੇ ਦੀ ਤਰੀਕ ਅਤੇ ਤੁਹਾਡੇ ਡਾਕਟਰੀ ਪੇਸ਼ੇਵਰ ਦੇ ਵੇਰਵੇ
- ਉਹ ਵੇਰਵੇ ਜੋ ਸਪੱਸ਼ਟ ਤੌਰ 'ਤੇ ਦੱਸਦੇ ਹਨ ਕਿ ਤੁਹਾਨੂੰ ਕੋਈ ਡਾਕਟਰੀ ਸਮੱਸਿਆ ਹੈ, ਜਿਸ ਦਾ ਮਤਲਬ ਹੈ ਕਿ ਤੁਸੀਂ COVID-19 ਟੀਕਾਕਰਨ ਨਹੀਂ ਲਗਵਾ ਸਕਦੇ (ਟੀਕਾਕਰਨ ਦੀ ਮਨਾਹੀ ਕੀਤੀ ਗਈ ਹੈ)।

*ਨੋਟ ਕਰੋ ਕਿ ਇਸ ਸ਼੍ਰੇਣੀ ਵਿੱਚ ਉਹ ਲੋਕ ਸ਼ਾਮਲ ਨਹੀਂ ਹਨ ਜਿੰਨ੍ਹਾਂ ਨੇ TGA ਵੱਲੋਂ ਗੈਰ-ਮਨਜ਼ੂਰਸ਼ੁਦਾ ਜਾਂ ਗੈਰ-ਮਾਨਤਾ ਪ੍ਰਾਪਤ ਟੀਕੇ ਲਗਵਾਏ ਹਨ।*

***ਸਿਹਤ ਵਿਭਾਗ ਨੇ ਸਲਾਹ ਦਿੱਤੀ ਹੈ ਕਿ COVID-19 ਦੀ ਪਹਿਲਾਂ ਲੱਗੀ ਲਾਗ ਨੂੰ COVID-19 ਦੇ ਟੀਕਾਕਰਨ ਲਈ ਡਾਕਟਰੀ ਮਨਾਹੀ ਨਹੀਂ ਮੰਨਿਆ ਜਾਂਦਾ ਹੈ।***

ਤੁਹਾਡਾ ਡਾਕਟਰੀ ਪੇਸ਼ੇਵਰ ਸਿਹਤ ਵਿਭਾਗ ਦੀ ਵੈੱਬਸਾਈਟ 'ਤੇ ਡਾਕਟਰੀ ਸਮੱਸਿਆਵਾਂ ਬਾਰੇ ਜਾਣਕਾਰੀ ਲੱਭ ਸਕਦਾ ਹੈ ਜਿਸ ਦਾ ਮਤਲਬ ਹੈ ਕਿ ਟੀਕਾਕਰਨ ਦੀ ਮਨਾਹੀ ਹੈ। ਵੈਬਸਾਈਟ ਵਿੱਚ ਅਜਿਹੀਆਂ ਸ਼ਰਤਾਂ ਬਾਰੇ ਜਾਣਕਾਰੀ ਵੀ ਸ਼ਾਮਲ ਹੈ ਜਿਨ੍ਹਾਂ ਨੂੰ COVID-19 ਟੀਕਾਕਰਨ ਲਈ ਵਿਰੋਧਾਭਾਸ **ਨਹੀਂ** ਮੰਨਿਆ ਜਾਂਦਾ ਅਤੇ ਆਸਟ੍ਰੇਲੀਆ ਦੀ ਯਾਤਰਾ ਲਈ ਟੀਕਾਕਰਨ ਲਈ ਡਾਕਟਰੀ ਛੋਟ ਦੇ ਮਕਸਦ ਲਈ ਸਵੀਕਾਰ **ਨਹੀਂ** ਕੀਤਾ ਗਿਆ ਹੈ। **ਵੇਖੋ:** COVID-19 ਟੀਕੇ ਲਈ ਡਾਕਟਰੀ ਮਨਾਹੀ ਦੇ ਸਬੂਤ।

ਇਹ ਯਕੀਨੀ ਬਨਾਉਣ ਲਈ ਤੁਸੀਂ ਜ਼ਿੰਮੇਵਾਰ ਹੋ ਕਿ ਤੁਹਾਡਾ ਸਬੂਤ ਇਹਨਾਂ ਲੋੜਾਂ ਦੀ ਪੂਰਤੀ ਕਰਦਾ ਹੈ। ਏਅਰਲਾਈਨਾਂ ਚੈੱਕ-ਇਨ ਕਰਦੇ ਸਮੇਂ ਤੁਹਾਡੇ ਸਰਟੀਫਿਕੇਟ ਲਈ ਬੇਨਤੀ ਕਰਨਗੀਆਂ।

ਤੁਹਾਨੂੰ ਕਿਸੇ ਵੀ ਲੋੜਾਂ ਦੀ ਜਾਂਚ ਕਰਨੀ ਚਾਹੀਦੀ ਹੈ, ਖਾਸ ਕਰਕੇ ਕੁਆਰੰਟੀਨ ਅਤੇ ਪਹੁੰਚਣ ਤੋਂ ਬਾਅਦ ਦੀਆਂ ਟੈਸਟ ਕਰਨ ਦੀਆਂ ਲੋੜਾਂ ਉਹਨਾਂ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਾਸਤੇ ਜਿੰਨ੍ਹਾਂ ਨੂੰ ਤੁਸੀਂ ਪਾਰ ਕਰੋਗੇ ਅਤੇ ਯਾਤਰਾ ਕਰੋਗੇ।

ਜੇ ਤੁਸੀਂ ਆਸਟ੍ਰੇਲੀਆ ਪਹੁੰਚਣ 'ਤੇ ਕਿਸੇ ਵੱਖਰੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਅੱਗੇ ਜਾਂ ਇਸ ਦੇ ਰਾਹੀਂ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਨੂੰ ਘਰੇਲੂ ਯਾਤਰਾ ਪਾਬੰਦੀਆਂ ਦੀ ਜਾਂਚ ਕਰਨ ਦੀ ਲੋੜ ਹੈ। ਰਾਜ ਅਤੇ ਕੇਂਦਰੀ ਪ੍ਰਦੇਸ਼ ਆਪਣੀਆਂ ਖੁਦ ਦੀਆਂ ਯਾਤਰਾ ਪਾਬੰਦੀਆਂ ਲਾਗੂ ਕਰ ਸਕਦੇ ਹਨ।

ਤੁਸੀਂ ਯਾਤਰਾ ਪਾਬੰਦੀਆਂ ਅਤੇ ਲੋੜਾਂ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹੋ ਜੋ ਤੁਹਾਡੇ ਉੱਤੇ ਲਾਗੂ ਹੁੰਦੀਆਂ ਹਨ।

**ਜੇ ਤੁਸੀਂ ਸਵੀਕਾਰ ਕਰਨਯੋਗ ਡਾਕਟਰੀ ਸਬੂਤ ਪ੍ਰਦਾਨ ਨਹੀਂ ਕਰਵਾ ਸਕਦੇ ਤਾਂ ਹੋ ਸਕਦਾ ਹੈ ਤੁਹਾਨੂੰ ਆਸਟ੍ਰੇਲੀਆ ਵੱਲ ਯਾਤਰਾ ਕਰਨ ਲਈ ਯਾਤਰਾ ਦੀ ਛੋਟ ਵਾਸਤੇ ਅਰਜ਼ੀ ਦੇਣ ਦੀ ਲੋੜ ਪਵੇ।**

# COVID-19 ਦਾ ਟੈਸਟ

ਆਸਟ੍ਰੇਲੀਆ ਵਿੱਚ ਦਾਖਲ ਹੋਣ ਜਾਂ ਇਸ ਰਾਹੀਂ ਲੰਘਣ ਲਈ ਟੈਸਟ ਦਾ ਨਕਾਰਾਤਮਕ (ਨੈਗੇਟਿਵ) COVID-19 ਨਤੀਜਾ ਲੋੜੀਂਦਾ ਹੈ।

ਤੁਹਾਨੂੰ ਲਾਜ਼ਮੀ ਦੋਨਾਂ ਵਿੱਚੋਂ ਕਿਸੇ ਦਾ ਸਬੂਤ ਪ੍ਰਦਾਨ ਕਰਵਾਉਣਾ ਚਾਹੀਦਾ ਹੈ

- ਤੁਹਾਡੀ ਉਡਾਣ ਦੀ ਤੈਅਸ਼ੁਦਾ ਰਵਾਨਗੀ ਤੋਂ ਪਹਿਲਾਂ 3 ਦਿਨਾਂ ਦੇ ਅੰਦਰ ਨਕਾਰਾਤਮਕ (ਨੈਗੇਟਿਵ) COVID-19 ਪੋਲੀਮਰੇਜ਼ ਚੇਨ ਰਿਐਕਸ਼ਨ (PCR) ਜਾਂ ਹੋਰ ਨਿਉਕਲਿਕ ਐਸਿਡ ਐਂਪਲੀਫਿਕੇਸ਼ਨ ਟੈਸਟ (NAAT) ਟੈਸਟ ਕੀਤਾ ਗਿਆ,
- ਤੁਹਾਡੀ ਉਡਾਣ ਦੀ ਤੈਅਸ਼ੁਦਾ ਰਵਾਨਗੀ ਤੋਂ 24 ਘੰਟਿਆਂ ਦੇ ਅੰਦਰ ਡਾਕਟਰੀ ਨਿਗਰਾਨੀ ਅਧੀਨ ਲਏ ਗਏ ਨਕਾਰਾਤਮਕ (ਨੈਗੇਟਿਵ) ਰੈਪਿਡ ਐਂਟੀਜਨ ਟੈਸਟ (RAT) ਦੇ ਸਬੂਤ ਵਜੋਂ ਮੈਡੀਕਲ ਸਰਟੀਫਿਕੇਟ, ਜਦੋਂ ਤੁਸੀਂ ਚੈੱਕ-ਇਨ ਕਰਦੇ ਹੋ ਤਾਂ ਤੁਹਾਡੀ ਏਅਰਲਾਈਨ ਨੂੰ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ।

ਜੇ ਤੁਹਾਡੀ ਉਡਾਣ ਵਿੱਚ ਦੇਰੀ ਹੋ ਜਾਂਦੀ ਹੈ, ਤਾਂ ਵੀ ਤੁਹਾਨੂੰ ਰਵਾਨਗੀ ਤੋਂ ਪਹਿਲਾਂ ਟੈਸਟ ਕਰਵਾਉਣ ਦੀਆਂ ਲੋੜਾਂ ਨੂੰ ਪੂਰਾ ਕਰਦਾ ਗਿਣਿਆ ਜਾਵੇਗਾ। ਤੁਹਾਨੂੰ ਨਵੇਂ ਟੈਸਟ ਦੀ ਲੋੜ ਨਹੀਂ ਪਵੇਗੀ।

ਪਰ, ਜੇ ਤੁਹਾਡੀ ਉਡਾਣ ਮੁੜ-ਨਿਰਧਾਰਤ ਜਾਂ ਰੱਦ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਮੁੜ-ਨਿਰਧਾਰਤ ਉਡਾਣ ਤੋਂ 3 ਦਿਨ ਪਹਿਲਾਂ ਲਏ ਗਏ ਨਕਾਰਾਤਮਕ (ਨੈਗੇਟਿਵ) COVID-19 PCR ਟੈਸਟ ਜਾਂ ਮੁੜ-ਨਿਰਧਾਰਤ ਫਲਾਈਟ ਤੋਂ ਪਹਿਲਾਂ 24 ਘੰਟਿਆਂ ਦੇ ਅੰਦਰ ਲਏ ਗਏ RAT ਦਾ ਸਬੂਤ ਪ੍ਰਦਾਨ ਕਰਨ ਦੀ ਲੋੜ ਪਵੇਗੀ।

ਤੁਸੀਂ ਉਹਨਾਂ ਸਬੂਤਾਂ ਬਾਰੇ ਜਾਣਕਾਰੀ ਸਿਹਤ ਵਿਭਾਗ ਦੀ ਵੈੱਬਸਾਈਟ ਉੱਤੇ ਲੱਭ ਸਕਦੇ ਹੋ ਜੋ ਤੁਹਾਨੂੰ ਪ੍ਰਦਾਨ ਕਰਵਾਉਣ ਦੀ ਲੋੜ ਹੈ। ਇਸ ਵਿੱਚ ਸ਼ਾਮਲ ਹਨ:

- COVID-19 ਟੈਸਟ ਦੀਆਂ ਲੋੜਾਂ, ਜਿਸ ਵਿੱਚ ਸ਼ਾਮਲ ਹਨ

- ਸਵੀਕਾਰ ਕਰਨਯੋਗ ਟੈਸਟ
- ਲੋੜੀਂਦੇ ਵਿਸ਼ੇਸ਼ ਸਬੂਤ
- ਉਹਨਾਂ ਦੇਸ਼ਾਂ ਦੀ ਸੂਚੀ ਜਿੰਨ੍ਹਾਂ ਦੀਆਂ ਟੈਸਟ ਕਰਨ ਵਾਸਤੇ ਵਧਾਈਆਂ ਹੋਈਆਂ ਸਮਾਂ-ਸੀਮਾਵਾਂ ਹਨ
- ਉਹਨਾਂ ਦੇਸ਼ਾਂ ਦੀ ਸੂਚੀ ਜਿੰਨ੍ਹਾਂ ਨੂੰ ਰਵਾਨਗੀ ਤੋਂ ਪਹਿਲਾਂ ਟੈਸਟ ਕਰਨ ਤੋਂ ਛੋਟ ਪ੍ਰਾਪਤ ਹੈ

- ਜੇ ਤੁਹਾਡੇ ਟੈਸਟ ਦਾ ਨਤੀਜਾ ਸਕਾਰਾਤਮਕ (ਪੌਜ਼ੇਟਿਵ) ਹੈ ਤਾਂ ਕੀ ਕਰਨਾ ਹੈ ਜਦੋਂ ਕਿ ਤੁਹਾਨੂੰ COVID-19 ਹੋਇਆ ਸੀ ਅਤੇ ਠੀਕ ਹੋ ਗਿਆ ਹੈ

ਤੁਸੀਂ ਉਹਨਾਂ ਸਾਰੇ ਦੇਸ਼ਾਂ ਵਾਸਤੇ ਟੀਕਾਕਰਨ ਦੀਆਂ ਲੋੜਾਂ ਦੀ ਜਾਂਚ ਕਰਨ ਅਤੇ ਇਹਨਾਂ ਦੇ ਸਬੂਤ ਦੀ ਜਾਂਚ ਕਰਨ ਵਾਸਤੇ ਜਿੰਮੇਵਾਰ ਹੋ ਜਿੰਨ੍ਹਾਂ ਦੇ ਵਿੱਚੋਂ ਤੁਸੀਂ ਲੰਘਦੇ ਹੋ ਅਤੇ ਉਹਨਾਂ ਵੱਲ ਯਾਤਰਾ ਕਰਦੇ ਹੋ।

ਜ਼ਿਆਦਾਤਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਵੀ ਤੁਹਾਡੇ ਪਹੁੰਚਣ ਤੋਂ ਤੁਰੰਤ ਬਾਅਦ COVID-19 ਟੈਸਟ ਕਰਵਾਉਣ ਦੀ ਲੋੜ ਹੁੰਦੀ ਹੈ। ਵਧੇਰੇ ਜਾਣਕਾਰੀ ਵਾਸਤੇ ਪ੍ਰਾਂਤ ਅਤੇ ਕੇਂਦਰੀ ਪ੍ਰਦੇਸ਼ ਦੀਆਂ ਪਹੁੰਚਣ ਦੀਆਂ ਲੋੜਾਂ ਵੇਖੋ।